# ਭਾਸ਼ਾ ਜਾਂ ਬੋਲੀ

ਭਾਸ਼ਾ ਜਾਂ ਬੋਲੀ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਮਨੁੱਖ ਆਪਣੇ ਮਨ ਦੇ ਭਾਵ ਬੋਲ ਕੇ ਜਾਂ ਲਿਖ ਕੇ ਇੱਕ ਦੂਜੇ ਨਾਲ ਸਾਂਝੇ ਕਰਦਾ ਹੈ।

**ਭਾਸ਼ਾ ਦੀਆਂ ਕਿਸਮਾਂ**

1- ਬੋਲਚਾਲ ਦੀ ਬੋਲੀ
2- ਲਿਖਤੀ ਜਾਂ ਸਾਹਿਤਕ ਬੋਲੀ

ਬੋਲਚਾਲ ਦੀ ਬੋਲੀ- ਜਿਵੇਂ ਕਿ ਬੋਲ-ਚਾਲ ਦੇ ਸ਼ਬਦਾਂ ਤੋਂ ਹੀ ਸਪੱਸ਼ਟ ਹੈ ਕਿ ਜਿਹੜੀ ਗੱਲ ਬਾਤ ਅਸੀਂ ਬੋਲ ਕੇ ਇੱਕ-ਦੂਜੇ ਤੱਕ ਪਹੁੰਚਾਉਂਦੇ ਹਾਂ ਉਸ ਨੂੰ ਬੋਲ-ਚਾਲ ਦੀ ਬੋਲੀ ਆਖਦੇ ਹਨ।

ਕਈ ਵਾਰ ਇਸ ਬੋਲੀ ਵਿੱਚ ਅਜਿਹੇ ਸ਼ਬਦ ਸ਼ਾਮਲ ਹੁੰਦੇ ਹਨ ਜਿਨ੍ਹਾਂ ਨੂੰ ਲਿਖਣ ਵਿਚ ਅਸ਼ੁੱਧ ਮੰਨਿਆ ਜਾਂਦਾ ਹੈ।

ਲਿਖਤੀ ਜਾਂ ਸਾਹਿਤਿਕ ਬੋਲੀ - ਲਿਖਤੀ ਜਾਂ ਸਾਹਿਤਕ ਬੋਲੀ ਰਾਹੀਂ ਮਨੁੱਖ ਆਪਣੇ ਮਨ ਦੇ ਭਾਵ ਲਿਖ ਕੇ ਇਕ ਦੂਜੇ ਤੱਕ ਪ੍ਰਗਟ ਕਰਦਾ ਹੈ। ਇਹ ਬੋਲੀ ਕਾਫੀ ਸ਼ੁੱਧ ਹੁੰਦੀ ਹੈ। ਦਫ਼ਤਰਾਂ ਵਿੱਚ ਵੀ ਇਹ ਬੋਲੀ ਵਰਤੀ ਜਾਂਦੀ ਹੈ।